15ਵੀਂ ਵਿਧਾਨ ਸਭਾ

13ਵਾਂ (ਵਿਸ਼ੇਸ਼) ਸਮਾਗਮ

## ਪੰਜਾਬ ਵਿਧਾਨ ਸਭਾ ਸਕੱਤਰੇਤ
### (ਵਿਧਾਨ ਸ਼ਾਖਾ)

ਨੰ: 16-ਐਲ ਏ-2020/ 15273

ਮਾਨਯੋਗ ਮੁੱਖ ਮੰਤਰੀ ਵੱਲੋਂ ਨੋਟਿਸ ਪ੍ਰਾਪਤ ਹੋਇਆ ਹੈ ਕਿ ਪੰਜਾਬ ਵਿਧਾਨ ਸਭਾ ਦੇ 13ਵੇਂ (ਵਿਸ਼ੇਸ਼) ਸਮਾਗਮ ਦੌਰਾਨ ਨਿਮਨਲਿਖਤ ਮਤਾ ਪੇਸ਼ ਕੀਤਾ ਜਾਵੇਗਾ ਕਿ:-

"ਰਾਜ ਦੀ ਵਿਧਾਨ ਸਭਾ ਭਾਰਤ ਸਰਕਾਰ ਵਲੋਂ ਹੁਣੇ ਜਿਹੇ ਘੜੇ ਕਥਿਤ ਖੇਤੀ ਕਾਨੂੰਨਾਂ ਬਾਰੇ ਕਿਸਾਨਾਂ ਦੀਆਂ ਚਿੰਤਾਵਾਂ ਦੇ ਹੱਲ ਨੂੰ ਲੈ ਕੇ ਅਪਣਾਏ ਕਠੋਰ ਤੇ ਬੇਤਰਕ ਵਤੀਰੇ ਪ੍ਰਤੀ ਡੂੰਘਾ ਖੇਦ ਪ੍ਰਗਟ ਕਰਦੀ ਹੈ। ਵਿਧਾਨ ਸਭਾ ਨੇ ਮਿਤੀ 28 ਅਗਸਤ, 2020 ਨੂੰ ਇਕ ਮਤੇ ਰਾਹੀਂ ਭਾਰਤ ਸਰਕਾਰ ਨੂੰ ਜ਼ੋਰ ਦੇ ਕੇ ਕਿਹਾ ਸੀ ਕਿ ਉਹ ਨਿਮਨ ਲਿਖਤ ਆਰਡੀਨੈਂਸਾਂ ਅਤੇ ਪ੍ਰਸਤਾਵਿਤ ਬਿਜਲੀ (ਸੋਧ) ਬਿਲ, 2020 ਨੂੰ ਮੁੜ ਵਿਚਾਰ ਕੇ ਤੁਰੰਤ ਵਾਪਿਸ ਲਵੇ:-

1. The Farmers' Produce Trade and Commerce (Promotion and Facilitation) Ordinance, 2020;
2. The Farmers (Empowerment and Protection) Agreement on Price Assurance and Farm Service Ordinance, 2020; and
3. The Essential Commodities (Amendment) Ordinance, 2020

ਭਾਵੇਂ ਕਿ ਪੰਜਾਬ ਵਿਧਾਨ ਸਭਾ ਦੇ ਇਸ ਸਦਨ ਦੀਆਂ ਚਿੰਤਾਵਾਂ ਅਤੇ ਜਜ਼ਬਾਤਾਂ ਤੋਂ ਭਾਰਤ ਦੇ ਪ੍ਰਧਾਨ ਮੰਤਰੀ ਜੀ ਨੂੰ ਮੁੱਖ ਮੰਤਰੀ ਪੰਜਾਬ ਵਲੋਂ ਉਹਨਾਂ ਦੇ ਪੱਤਰ ਨੰ: ਸੀ.ਐਮ.ਓ./ਕਾਨਫੀ/2020/635 ਮਿਤੀ 14 ਸਤੰਬਰ, 2020 ਰਾਹੀਂ ਜਾਣੂੰ ਕਰਵਾਇਆ ਗਿਆ ਸੀ, ਫਿਰ ਵੀ ਭਾਰਤ ਸਰਕਾਰ ਨੇ ਉਪਰੋਕਤ ਆਰਡੀਨੈਂਸਾਂ ਨੂੰ ਕਾਨੂੰਨਾਂ ਵਿੱਚ ਤਬਦੀਲ ਕਰਕੇ ਹੇਠ ਅਨੁਸਾਰ ਅਧਿਸੂਚਿਤ ਕਰ ਦਿੱਤਾ:-

1. The Farmers' Produce Trade and Commerce (Promotion and Facilitation) Act, 2020 (24th September, 2020)
2. The Farmers (Empowerment and Protection) Agreement on Price Assurance and Farm Service Act, 2020 (24th September, 2020); and
3. The Essential Commodities (Amendment) Act, 2020 (26th September, 2020)

ਪ੍ਰਸਤਾਵਿਤ ਬਿਜਲੀ (ਸੋਧ) ਬਿਲ, 2020 ਸਮੇਤ ਇਹ ਤਿੰਨੇ ਕਾਨੂੰਨ ਸਾਫ ਤੌਰ ਤੇ ਕਿਸਾਨਾਂ, ਬੇਜ਼ਮੀਨੇ ਕਾਮਿਆਂ ਦੇ ਹਿੱਤਾਂ ਅਤੇ ਨਾ ਕੇਵਲ ਪੰਜਾਬ ਬਲਕਿ ਮੁੱਢਲੀ ਹਰੀ ਕ੍ਰਾਂਤੀ ਦੇ ਪੰਜਾਬ, ਹਰਿਆਣਾ ਅਤੇ ਪੱਛਮੀ ਉਤਰ ਪ੍ਰਦੇਸ਼ ਦੇ ਖਿੱਤਿਆਂ ਵਿੱਚ ਚਿਰਾਂ ਤੋਂ ਸਥਾਪਿਤ ਖੇਤੀਬਾੜੀ ਮੰਡੀਕਰਨ ਪ੍ਰਣਾਲੀ ਦੇ ਵੀ ਵਿਰੁੱਧ ਹਨ। ਪ੍ਰਤੱਖ ਤੌਰ ਤੇ ਭਾਰਤ ਸਰਕਾਰ ਨੇ ਵਪਾਰਕ ਕਾਨੂੰਨ ਘੜੇ ਹਨ ਨਾ ਕਿ ਖੇਤੀ ਨਾਲ ਸਬੰਧਤ ਕਾਨੂੰਨ। ਇਹ ਭਾਰਤ ਦੇ ਸੰਵਿਧਾਨ (Entry 14 List-II), ਜਿਸ ਅਨੁਸਾਰ ਖੇਤੀਬਾੜੀ ਰਾਜ ਦਾ ਇਕ ਵਿਸ਼ਾ ਹੈ, ਦੇ ਵੀ ਖਿਲਾਫ ਹਨ। ਇਹ ਕਾਨੂੰਨ ਦੇਸ਼ ਦੇ ਸੰਵਿਧਾਨ ਵਿੱਚ ਦਰਜ਼ ਰਾਜ ਦੇ ਕਾਰਜਾਂ ਅਤੇ ਸ਼ਕਤੀਆਂ ਤੇ ਇਕ ਸਿੱਧਾ ਹਮਲਾ ਹਨ ਅਤੇ ਉਹਨਾਂ ਨੂੰ ਛਲਾਵੇ ਨਾਲ ਹਥਿਆਉਣ ਦਾ ਯਤਨ ਹੈ।

ਉਪਰੋਕਤ ਪਿਛੋਕੜ ਵਿੱਚ ਵਿਧਾਨ ਸਭਾ ਇਹਨਾਂ ਕਾਨੂੰਨਾਂ ਅਤੇ ਪ੍ਰਸਤਾਵਿਤ ਬਿਜਲੀ (ਸੋਧ) ਬਿੱਲ, 2020 ਨੂੰ ਸਰਬ-ਸੰਮਤੀ ਨਾਲ ਖਾਰਜ ਕਰਨ ਲਈ ਮਜ਼ਬੂਰ ਹੈ। ਇਹ ਸਦਨ ਇਕ ਵਾਰ ਫਿਰ ਭਾਰਤ ਸਰਕਾਰ ਨੂੰ ਜ਼ੋਰ ਦਿੰਦਾ ਹੈ ਕਿ ਉਹ ਨਾ ਕੇਵਲ ਇਹਨਾਂ ਕਾਨੂੰਨਾਂ ਨੂੰ ਰੱਦ ਕਰੇ ਬਲਕਿ ਅਨਾਜ ਦੀ ਘੱਟੋ-ਘੱਟ ਸਮਰੱਥਨ ਮੁੱਲ ਤੇ ਖਰੀਦ ਨੂੰ ਕਿਸਾਨਾਂ ਦਾ ਕਾਨੂੰਨੀ ਅਧਿਕਾਰ ਬਣਾਉਣ ਅਤੇ ਭਾਰਤੀ ਖਾਦ ਨਿਗਮ ਅਤੇ ਅਜਿਹੇ ਹੋਰ ਅਦਾਰਿਆਂ ਰਾਹੀਂ ਖਰੀਦ ਜਾਰੀ ਰੱਖਣ ਲਈ ਨਵੇਂ ਆਰਡੀਨੈਂਸ ਜਾਰੀ ਕਰੇ।"

ਚੰਡੀਗੜ੍ਹ:
20 ਅਕਤੂਬਰ, 2020

Superintendent
Punjab Vidhan Sabha
Chandigarh
20.10.2020

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ।

ਪਰਤੋਂ ਜੀ....

ਸੇਵਾ ਵਿਚ

ਪੰਜਾਬ ਵਿਧਾਨ ਸਭਾ ਦੇ ਸਮੂਹ ਮੈਂਬਰ ਸਾਹਿਬਾਨ ।

---

ਨੰ: 16-**ਐਲ-ਏ**-2020/ 15274 ,**ਮਿਤੀ ਚੰਡੀਗੜ੍ਹ**, 20 **ਅਕਤੂਬਰ**, 2020

ਕਾਪੀ ਨਿਮਨਲਿਖਤ ਨੂੰ ਸੂਚਨਾ ਲਈ ਭੇਜੀ ਜਾਂਦੀ ਹੈ:-

1. ਮੁੱਖ ਸਕੱਤਰ, ਪੰਜਾਬ ਸਰਕਾਰ; (ਚਾਰ ਵਾਧੂ ਕਾਪੀਆਂ ਸਮੇਤ)
2. ਵਧੀਕ ਮੁੱਖ ਸਕੱਤਰ (ਵਿਕਾਸ), ਪੰਜਾਬ ਸਰਕਾਰ, ਖੇਤੀਬਾੜੀ ਵਿਭਾਗ, ਚੰਡੀਗੜ੍ਹ; ਅਤੇ
3. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸੰਸਦੀ ਮਾਮਲੇ ਵਿਭਾਗ, ਚੰਡੀਗੜ੍ਹ।

ਸੁਪਰਡੰਟ,
ਵਾਸਤੇ ਸਕੱਤਰ ।

20/10/2020
Superintendent
Punjab Vidhan Sabha
Chandigarh